ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-4 ਸ਼ਾਖਾ)

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ) ਪੰਜਾਬ।

2. ਸਮੂਹ ਸਕੂਲ ਪ੍ਰਿੰਸੀਪਲ, ਪੰਜਾਬ (ਵੈਬਸਾਈਟ ਰਾਹੀਂ)

ਮੀਮੋ ਨੰ: 1/52/2018-3ਸਿ4/ 1262575/1-2

ਮਿਤੀ,ਚੰਡੀਗੜ੍ਹ:

ਵਿਸ਼ਾ:- ਸਕੂਲ ਪ੍ਰਿੰਸੀਪਲਾਂ ਨੂੰ ਸੇਵਾ ਕਾਲ ਵਿੱਚ ਵਾਧਾ ਦੇਣ ਹਿੱਤ ਵਿਭਾਗ ਨਿਰਧਾਰਤ ਕੀਤੀਆਂ ਸ਼ਰਤਾਂ ਸਬੰਧੀ।

ਸਕੂਲ ਪ੍ਰਿੰਸੀਪਲਾਂ ਦੀ 58 ਸਾਲ ਦੀ ਉਮਰ ਪੂਰੀ ਹੋਣ ਤੇ ਸੇਵਾ ਕਾਲ ਵਿੱਚ ਦਿੱਤੇ ਜਾਣ ਵਾਲੇ ਪਹਿਲੇ ਅਤੇ ਦੂਜੇ ਸਾਲ ਦੇ ਵਾਧੇ ਲਈ ਸਰਕਾਰ ਦੇ ਪੱਤਰ ਮਿਤੀ 30.04.2015 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਤੋਂ ਇਲਾਵਾ ਵਿਭਾਗ ਵੱਲੋਂ ਕੁਝ ਹੋਰ ਵਿਸ਼ੇਸ਼ ਸਰਤਾਂ ਵੀ ਨਿਰਧਾਰਤ ਕੀਤੀਆਂ ਗਈਆਂ ਹਨ ਜੋ ਕਿ ਅਨੁਲੱਗ 'ੳ' ਅਨੁਸਾਰ ਨਾਲ ਨੱਥੀ ਕਰਕੇ ਆਪ ਜੀ ਨੂੰ ਭੇਜੀਆ ਜਾਦੀਆਂ ਹਨ। ਹੁਣ ਤੋ ਹਰੇਕ ਪ੍ਰਿੰਸੀਪਲ ਦੀ ਕਾਰਗੁਜਾਰੀ ਇਸ ਨਿਰਧਾਰਤ criteria ਦੇ ਅਧਾਰ ਤੇ evaluate ਕੀਤੀ ਜਾਵੇਗੀ।

2. ਸੇਵਾ ਕਾਲ ਦੇ ਵਾਧੇ ਲਈ ਸਰਕਾਰ ਵੱਲੋਂ ਆਪਣੇ ਪੱਤਰ ਮਿਤੀ 30.04.2015 ਰਾਂਹੀ ਜਾਰੀ ਕੀਤੀਆਂ ਹਦਾਇਤਾਂ ਤੋਂ ਇਲਾਵਾ ਸਕੂਲ ਪ੍ਰਿੰਸੀਪਲ ਦੇ ਕੇਸ ਵਿੱਚ ਵਿਭਾਗ ਵੱਲੋਂ ਨਿਰਧਾਰਤ ਕੀਤਾ ਗਿਆ criteria (ਅਨੁਲੱਗ 'ੳ') ਵੀ ਪੂਰੀ ਤਰ੍ਹਾਂ ਨਾਲ ਲਾਗੂ ਹੋਵੇਗਾ।

3. 58 ਸਾਲ ਦੀ ਉਮਰ ਪੂਰੀ ਹੋਣ ਤੇ ਸੇਵਾ ਕਾਲ ਵਿੱਚ ਵਾਧੇ ਲਈ ਕਿਸੇ ਵੀ ਸਕੂਲ ਪ੍ਰਿੰਸੀਪਲ ਨੂੰ ਅਨੁਲੱਗ 'ੳ' ਵਿੱਚ ਦਰਜ਼ criteria ਦੇ ਸਨਮੁੱਖ ਘੱਟ ਤੋਂ ਘੱਟ 60 ਅੰਕ ਪ੍ਰਾਪਤ ਕਰਨੇ ਲਾਜਮੀ ਹੋਣਗੇ।

4. ਜੇਕਰ ਕੋਈ ਪ੍ਰਿੰਸੀਪਲ ਪਿਛਲੇ ਇੱਕ ਸਾਲ ਦੌਰਾਨ 3 ਮਹੀਨੇ ਤੋਂ ਵੱਧ ਸਮੇਂ ਲਈ ਮੈਡੀਕਲ ਛੁੱਟੀ ਤੇ ਰਹਿੰਦਾ ਹੈ ਤਾਂ ਉਸ ਨੂੰ ਸੇਵਾ ਕਾਲ ਵਿੱਚ ਵਾਧਾ ਨਹੀਂ ਦਿੱਤਾ ਜਾਵੇਗਾ।

5. ਸਕੂਲ ਪ੍ਰਿੰਸੀਪਲ ਦੇ ਸੇਵਾ ਕਾਲ ਦੇ ਵਾਧੇ ਲਹੀ ਕੇਸ ਭੇਜਦੇ ਸਮੇਂ ਸਰਕਾਰ ਦੀਆਂ ਹਦਾਇਤਾਂ ਮਿਤੀ 30.04.2015 ਅਤੇ ਇਸ ਪੱਤਰ ਰਾਹੀ ਭੇਜੇ ਜਾ ਰਹੇ ਨਿਰਧਾਰਤ criteria (ਅਨੁਲੱਗ 'ੳ') ਅਨੁਸਾਰ ਹਰੇਕ ਪ੍ਰਿੰਸੀਪਲ ਦੀ ਰਿਪੋਰਟ /ਕੇਸ ਭੇਜਣਾ ਜਰੂਰੀ ਹੋਵੇਗਾ।

ਚੱਲਦਾ ਪੰਨਾ

6. ਇਹ ਹਦਾਇਤਾਂ ਤਤਕਾਲ ਸਮੇਂ ਤੋਂ ਲਾਗੂ ਹੋਣਗੀਆਂ।

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ

ਪਿੱਠ ਅੰਕਿਣ ਨੰ: 1/52/2018-3ਸਿ4 ਮਿਤੀ,ਚੰਡੀਗੜ੍ਹ:

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ , ਪੰਜਾਬ ,ਐਸ.ਏ.ਐਸ ਨਗਰ।
2. ਡੀ.ਪੀ.ਆਈ (ਸੈਸਿ) ਪੰਜਾਬ।
3. ਡੀ.ਪੀ.ਆਈ (ਐਸਿ) ਪੰਜਾਬ।
4. ਡਾਇਰੈਕਟਰ ਐਸ.ਸੀ.ਈ.ਆਰ.ਟੀ।

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ

ਅੰਦਰੂਨੀ ਵੰਡ

1. ਪੀ.ਏ /ਮਾਨਯੋਗ ਸਿੱਖਿਆ ਮੰਤਰੀ ਜੀ
2. ਪੀ.ਏ/ ਮਾਨਯੋਗ ਸ:ਸ:ਸ:ਜੀ।
3. ਰਿਕਾਰਡਰ

## ਅਨੁਲੱਗ 'ੳ'

ਸਕੂਲ ਪ੍ਰਿੰਸੀਪਲਾਂ ਦੇ ਸੇਵਾ ਕਾਲ ਵਿੱਚ ਵਾਧੇ ਲਈ ਸਰਕਾਰ ਵੱਲੋਂ ਜਾਰੀ ਮਿਤੀ 30.04.2015 ਦੀਆਂ ਹਦਾਇਤਾਂ ਤੋਂ ਇਲਾਵਾ ਵਿਭਾਗ ਵੱਲੋਂ ਨਿਰਧਾਰਤ ਕੀਤੀਆਂ ਕੁਝ ਵਿਸ਼ੇਸ਼ ਸ਼ਰਤਾਂ/ criteria

1. ਪ੍ਰਿੰਸੀਪਲ ਦੀ ਹਾਜ਼ਰੀ Extension ਵਾਲੇ ਮਹੀਨੇ ਤੋਂ ਪਿਛਲੇ 12 months - 20 ਅੰਕ
2. ਪ੍ਰਿੰਸੀਪਲ ਦੁਆਰਾ ਪੜਾਈ ਜਮਾਤ ਦੇ ਨਤੀਜੇ ਸਬੰਧੀ - 20 ਅੰਕ
3. ਸਕੂਲ ਦਾ overall ਬੋਰਡ ਨਤੀਜੇ ਸਬੰਧੀ- 20 ਅੰਕ
4. ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਦੀ ਕਾਰਗੁਜ਼ਾਰੀ ਸਬੰਧੀ- 20 ਅੰਕ
5. ਸਕੂਲ ਪ੍ਰਿੰਸੀਪਲ ਦੁਆਰਾ ਆਪਣੇ ਸਕੂਲ ਵਿੱਚ ਵਿਦਿਆਰਥੀਆਂ ਲਹੀ ਮੁਹੱਇਆ ਕਰਵਾਈਆਂ ਗਈਆਂ basic facilities ਸਬੰਧੀ- 20 ਅੰਕ

### ਉਪਰੋਕਤ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. ਪ੍ਰਿੰਸੀਪਲ ਦੀ ਹਾਜ਼ਰੀ ਪਿਛਲੇ 12 ਮਹੀਨਿਆ ਲਈ ਅੰਕ ਹੇਠ ਲਿਖੇ ਅਨੁਸਾਰ ਦਿੱਤੇ ਜਾਣਗੇ:

(ਕੁੱਲ ਅੰਕ 20)

ਪ੍ਰਿੰਸੀਪਲ ਦੀ ਹਾਜ਼ਰੀ:

| | |
|---|---|
| ੳ) 150 Working days ਦਿਨਾਂ ਤੋਂ ਘੱਟ ਹੈ | 0 ਅੰਕ |
| ਅ) 160 Working days ਦਿਨਾਂ ਤੱਕ ਲਈ | 5 ਅੰਕ |
| ੲ) 170 Working days ਦਿਨਾਂ ਤੱਕ ਲਈ | 10 ਅੰਕ |
| ਸ) 180 Working days ਦਿਨਾਂ ਤੱਕ ਲਈ | 15 ਅੰਕ |
| ਹ) 180 Working days ਦਿਨਾਂ ਤੋਂ ਵੱਧ ਲਈ | 20 ਅੰਕ |

*(ਜੇਕਰ ਪ੍ਰਿੰਸੀਪਲ ਦੀ ਤਰੱਕੀ ਹੋਏ ਨੂੰ 12 ਮਹੀਨੇ ਨਾ ਹੋਏ ਹੋਣ ਤਾਂ ਉਸ ਦੀ ਜਿਸ ਕਾਡਰ ਵਿੱਚੋਂ ਪਦਉੱਨਤੀ ਹੋਈ ਹੈ ਉਸ ਕਾਡਰ ਦੇ **Working days ਨੂੰ consider** ਕਰ ਲਿਆ ਜਾਵੇ।)

2. ਪ੍ਰਿੰਸੀਪਲ ਦੁਆਰਾ ਪੜਾਈ ਜਮਾਤ ਦੇ ਨਤੀਜੇ ਦੇ ਅੰਕ ਇਸ ਤਰ੍ਹਾਂ ਹੋਣਗੇ:-

(ਕੁੱਲ ਅੰਕ 20)

| | |
|---|---|
| ੳ) ਬੋਰਡ ਦੇ ਨਤੀਜੇ ਤੋਂ 10 % ਤੋਂ ਜਿਆਦਾ ਵੱਧ ਜਾਂ 100% ਨਤੀਜਾ | 20 ਅੰਕ |
| ਅ) ਬੋਰਡ ਦੇ ਨਤੀਜੇ ਤੋਂ 5% ਤੋਂ 10% ਤੱਕ ਵੱਧ | 15 ਅੰਕ |
| ੲ) ਬੋਰਡ ਦੇ ਨਤੀਜੇ ਤੋਂ 4.99% ਤੋਂ 0% ਵੱਧ ਲਈ | 10 ਅੰਕ |
| ਸ) ਬੋਰਡ ਦੇ ਨਤੀਜੇ ਤੋਂ 5% ਘੱਟ | 0 ਅੰਕ |
| ਹ) ਬੋਰਡ ਦੇ ਨਤੀਜੇ ਤੋ 10% ਤੱਕ ਘੱਟ | - 5 ਅੰਕ |
| ਕ) ਬੋਰਡ ਦੇ ਨਤੀਜੇ ਤੋਂ 10% ਤੋਂ ਜ਼ਿਆਦਾ ਘੱਟ | -10 ਅੰਕ |

ਚਲਦਾ ਪੰਨਾ

3. ਸਕੂਲ ਦਾ **overall** ਬੋਰਡ ਨਤੀਜੇ ਸਬੰਧੀ ਅੰਕ ਇਸ ਤਰ੍ਹਾਂ ਹੋਣਗੇ:-

(ਕੁੱਲ ਅੰਕ 20)

| | |
|---|---|
| ੳ) ਬੋਰਡ ਦੇ ਨਤੀਜੇ ਤੋਂ 10% ਤੋਂ ਜਿਆਦਾ ਵੱਧ ਜਾਂ 100% ਨਤੀਜਾ | 20 ਅੰਕ |
| ਅ) ਬੋਰਡ ਦੇ ਨਤੀਜੇ ਤੋਂ 5% ਤੋਂ 10 % ਤੱਕ ਵੱਧ | 15 ਅੰਕ |
| ੲ) ਬੋਰਡ ਦੇ ਨਤੀਜੇ ਤੋਂ 4.99% ਤੋਂ 0 % ਵੱਧ ਲਈ | 10 ਅੰਕ |
| ਸ) ਬੋਰਡ ਦੇ ਨਤੀਜੇ ਤੋਂ 5% ਘੱਟ | 0 ਅੰਕ |
| ਹ) ਬੋਰਡ ਦੇ ਨਤੀਜੇ ਤੋਂ 10% ਤੱਕ ਘੱਟ | -5 ਅੰਕ |
| ਕ) ਬੋਰਡ ਦੇ ਨਤੀਜੇ ਤੋਂ 10% ਜਿਆਦਾ ਘੱਟ | -10 ਅੰਕ |

4. ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਦੀ ਕਾਰਗੁਜਾਰੀ ਸਬੰਧੀ ਅੰਕ ਇਸ ਤਰ੍ਹਾਂ ਹੋਣਗੇ:-

(ਸਾਰੇ ਵਿਸ਼ਿਆ ਦਾ **Endline result** ਦਾ **average** ਸਕੂਲ **Endline result** ਮੰਨਿਆ ਜਵੇਗਾ)

(ਕੁੱਲ ਅੰਕ 20)

| | |
|---|---|
| ੳ) State average ਤੋਂ Endline result 10% ਤੋਂ ਜਿਆਦਾ ਵੱਧ ਜਾਂ 100 % ਨਤੀਜਾ | 20 ਅੰਕ |
| ਅ) State average ਤੋਂ Endline result 5% ਤੱਕ ਵੱਧ | 15 ਅੰਕ |
| ੲ) State average ਤੋਂ Endline result 4.99% ਤੋਂ 0% ਵੱਧ ਲਈ | 10 ਅੰਕ |
| ਸ) State average ਤੋਂ Endline result 5% ਤੱਕ ਘੱਟ | 5 ਅੰਕ |
| ਹ) State average ਤੋਂ Endline result 10% ਤੱਕ ਘੱਟ | -5 ਅੰਕ |
| ਕ) State average ਤੋਂ Endline result 10% ਤੋਂ ਜਿਆਦਾ ਘੱਟ | -10 ਅੰਕ |

5. ਸਕੂਲ ਪ੍ਰਿੰਸੀਪਲ ਦੁਆਰਾ ਆਪਣੇ ਸਕੂਲ ਵਿੱਚ ਵਿਦਿਆਰਥੀਆਂ ਲਈ ਮੁਹੱਈਆ ਕਰਵਾਈ ਗਈਆਂ **basic facilities** ਸਬੰਧੀ ਅੰਕ ਇਸ ਤਰ੍ਹਾਂ ਹੋਣਗੇ:-

(ਕੁੱਲ ਅੰਕ 20)

| | |
|---|---|
| ੳ) ਕਲਾਸ ਰੂਮ ਅਤੇ ਫਰਨੀਚਰ ਦਾ ਪ੍ਰਬੰਧ | 5 ਅੰਕ |
| ਅ) ਪੀਣ ਦੇ ਪਾਣੀ ਦਾ ਪ੍ਰਬੰਧ | 5 ਅੰਕ |
| ੲ) ਲੜਕੀਆਂ ਲਈ ਅਲੱਗ ਤੋਂ toilets ਦਾ ਪ੍ਰਬੰਧ | 5 ਅੰਕ |
| ਸ) ਸਕੂਲ ਵਿੱਚ ਸਾਇੰਸ ਕ੍ਰਿਆਵਾਂ ਕਰਵਾਉਣ ਲਈ ਮੁਕੰਮਲ ਸਮਾਨ ਦੀ ਉਪਲਬੱਧਤਾ | 5 ਅੰਕ |

ਉਪਰੋਕਤ ਨੁਕਤਿਆ ਦੇ ਕੁੱਲ ਅੰਕ 100 ਬਣਦੇ ਹਨ ਜਿਸ ਵਿੱਚੋਂ ਪ੍ਰਿੰਸੀਪਲ ਵੱਲੋਂ ਘੱਟ ਤੋਂ ਘੱਟ 60 ਅੰਕ ਪ੍ਰਾਪਤ ਕਰਨਾ ਜਰੂਰੀ ਹੋਵੇਗਾ। 60 ਅੰਕ ਤੋਂ ਘੱਟ ਅੰਕ ਪ੍ਰਾਪਤ ਕਰਨ ਵਾਲੇ ਪ੍ਰਿੰਸੀਪਲ ਨੂੰ extension ਨਹੀਂ ਦਿੱਤੀ ਜਾਵੇਗੀ।

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ